ਆਰ.ਬੀ.ਆਈ/2006-2007/280
ਡੀ.ਬੀ.ਓ.ਡੀ. ਨੰ: ਐਲਈਜੀ. ਬੀ.ਸੀ. 65/09.07.005/2006-07

6 ਮਾਰਚ, 2007
15 ਫੱਗਣ, 1928(ਸ਼ਕ)

ਸਾਰੇ ਅਨੁਸੂਚਿਤ ਵਪਾਰਕ ਬੈਂਕ/ਸਰਬ ਭਾਰਤੀ ਵਿੱਤੀ ਸੰਸਥਾਵਾਂ
(ਖੇਤਰੀ ਪੇਂਡੂ ਬੈਂਕਾਂ ਨੂੰ ਛੱਡ ਕੇ)

ਸ਼੍ਰੀਮਾਨ ਜੀ,

ਉਧਾਰਕਰਤਵਾਂ ਲਈ ਉਚਿਤ ਆਚਰਣ ਨਿਯਮਾਂਵਲੀ ਸਬੰਧੀ ਦਿਸ਼ਾ-ਨਿਰਦੇਸ਼

ਕਿਰਪਾ ਕਰਕੇ 5 ਮਈ, 2003 ਦਾ ਸਾਡਾ ਅਧਿਸੂਚਨਾ ਪੱਤਰ ਨੰ: ਬੀ.ਸੀ. 104/09.07.005/2002-03 ਦੇਖੋ ਜਿਸ ਵਿਚ ਉਧਾਰਕਰਤਾਵਾਂ ਲਈ ਉਚਿਤ ਆਚਰਣ ਨਿਯਮਾਂਵਲੀ ਤਿਆਰ ਕਰਨ ਲਈ ਬੈਂਕਾਂ/ਵਿੱਤੀ ਸੰਸਥਾਵਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਸਨ।

2. ਉਪਰੋਕਤ ਅਧਿਸੂਚਨਾ ਦੇ ਪੈਰ੍ਹਾ 2(**i**)(ਏ) ਅਨੁਸਾਰ ਬੈਂਕਾਂ/ਵਿੱਤੀ ਸੰਸਥਾਵਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਪਹਿਲ ਦੇ ਆਧਾਰ ਤੇ ਖੇਤਰ ਨੂੰ 2.00 ਲੱਖ ਰੁਪਏ ਤੱਕ ਦੀਆਂ ਪੇਸ਼ਗੀਆਂ ਦੇ ਸਬੰਧ ਵਿਚ ਕਰਜ਼ਾ ਪ੍ਰਤੀਬੇਨਤੀ ਦੇ ਫ਼ਾਰਮ ਵਿਆਪਕ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਵਿਚ ਪ੍ਰੋਸੈਸਿੰਗ ਲਈ ਦੇਣਯੋਗ ਟੈਕਸ/ਫ਼ੀਸ, ਜੇਕਰ ਕੋਈ ਹੋਵੇ, ਪ੍ਰਤੀਬੇਨਤੀ ਪੱਤਰ ਸਵੀਕਾਰ ਨਾ ਹੋਣ ਦੀ ਸਥਿਤੀ ਵਿਚ ਅਜਿਹੇ ਟੈਕਸ ਦੀ ਮੋੜੀ ਜਾ ਸਕਣ ਵਾਲੀ ਰਾਸ਼ੀ, ਪੂਰਵ ਭੁਗਤਾਨ ਦੇ ਵਿਕਲਪ ਅਤੇ ਉਧਾਰਕਰਤਾ ਦੇ ਹਿਤ ਨੂੰ ਪ੍ਰਭਾਵਿਤ ਕਰਨ ਵਾਲੇ ਕਿਸੀ ਹੋਰ ਮਾਮਲੇ ਸਬੰਧੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ,

ਤਾਂਜੋ ਹੋਰ ਬੈਂਕਾਂ ਨਾਲ ਸਾਰਥਕ ਤੁਲਨਾ ਕੀਤੀ ਜਾ ਸਕੇ ਅਤੇ ਉਧਾਰਕਰਤਾ ਸੋਚ ਸਮਝ ਕੇ ਫ਼ੈਸਲਾ ਲੈ ਸਕੇ ।

3. ਵਧੇਰੇ ਪਾਰਦਰਸ਼ਤਾ ਲਿਆਉਣ ਦੇ ਮੰਤਵ ਨਾਲ ਅਤੇ ਪ੍ਰਾਪਤ ਤਜ਼ਰਬੇ ਦੇ ਸੰਦਰਭ ਵਿਚ ਇਹ ਫ਼ੈਸਲਾ ਲਿਆ ਗਿਆ ਹੈ ਕਿ ਉਪਰੋਕਤ ਅਨੁਦੇਸ਼ ਕਰਜ਼ਿਆਂ ਦੀਆਂ ਸਾਰੀਆਂ ਸ਼੍ਰੇਣੀਆਂ ਦੇ ਸੰਦਰਭ ਵਿਚ ਸਾਰੀਆਂ ਉਧਾਰ ਪ੍ਰਤੀਬੇਨਤੀਆਂ ਤੇ ਲਾਗੂ ਹੋਣਗੇ ਚਾਹੇ ਉਧਾਰਕਰਤਾ ਵਲੋਂ ਮੰਗੀ ਗਈ ਰਾਸ਼ੀ ਕਿੰਨੀ ਵੀ ਹੋਵੇ । ਬੈਂਕਾਂ/ ਵਿੱਤੀ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਸਬੰਧ ਵਿਚ ਆਪਣੇ ਬੋਰਡ ਦੀ ਪ੍ਰਵਾਨਗੀ ਨਾਲ ਪਾਰਦਰਸ਼ੀ ਨੀਤੀ ਬਣਾਉਣ ।

4. ਨਾਲ ਹੀ, 5 ਮਈ, 2003 ਦੇ ਉਕਤ ਅਧਿਸੂਚਨਾ ਦੇ ਪੈਰਾ 2(**i**)(ਡੀ) ਅਨੁਸਾਰ ਬੈਂਕਾਂ/ਵਿੱਤੀ ਸੰਸਥਾਵਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਦੋ ਲੱਖ ਰੁਪਏ ਦੇ ਕਰਜ਼ੇ ਮੰਗਣ ਵਾਲੇ ਛੋਟੇ ਉਧਾਰਕਰਤਾਵਾਂ ਦੇ ਮਾਮਲੇ ਵਿਚ ਉਧਾਰਕਰਤਾਵਾਂ ਨੂੰ ਚਾਹੀਦਾ ਹੈ ਕਿ ਉਹ ਨਿਸ਼ਚਿਤ ਸਮੇਂ ਵਿਚ ਲਿਖਤੀ ਰੂਪ ਵਿਚ ਦੱਸਣ ਕਿ ਕਿਸ ਮੁੱਖ ਕਾਰਨ/ਕਾਰਨਾਂ ਕਰਕੇ ਬੈਂਕ/ਵਿੱਤੀ ਸੰਸਥਾ ਦੀ ਸਲਾਹ ਵਿਚ ਉਧਾਰ ਪ੍ਰਤੀਬੇਨਤੀ ਪੱਤਰ ਨਾ-ਮਨਜ਼ੂਰ ਕੀਤਾ ਗਿਆ ਹੈ ।

5. ਸਮੀਖਿਆ ਕਰਨ ਤੇ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਕ੍ਰੈਡਿਟ ਕਾਰਡ ਦੇ ਪ੍ਰਤੀਬੇਨਤੀ ਪੱਤਰਾਂ ਸਮੇਤ ਕਰਜ਼ਿਆਂ ਦੀਆਂ ਸਾਰੀਆਂ ਸ਼੍ਰੇਣੀਆਂ ਦੇ ਮਾਮਲਿਆਂ ਵਿਚ, ਚਾਹੇ ਮੁਢਲੀ ਸੀਮਾ ਕੁਝ ਵੀ ਹੋਵੇ, ਬੈਂਕਾਂ/ਵਿੱਤੀ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਲਿਖਤੀ ਰੂਪ ਵਿਚ ਦੱਸਣ ਕਿ ਕਿਸ ਮੁੱਖ ਕਾਰਨ/ਕਾਰਨਾਂ ਕਰਕੇ ਬੈਂਕ/ਵਿੱਤੀ ਸੰਸਥਾ ਦੀ ਸਲਾਹ ਵਿਚ ਉਧਾਰ ਪ੍ਰਤੀਬੇਨਤੀ ਪੱਤਰ ਨਾ-ਮਨਜ਼ੂਰ ਕੀਤਾ ਗਿਆ ਹੈ ।

6. ਬੋਰਡ ਦੀ ਪ੍ਰਵਾਨਗੀ ਨਾਲ, ਉਪਰੋਕਤ ਅਨੁਦੇਸ਼ਾਂ ਦੇ ਆਧਾਰ ਤੇ ਉਚਿਤ ਆਚਰਣ ਨਿਯਮਾਂਵਲੀ ਵਿਚ ਜ਼ਰੂਰੀ ਸੋਧ 30 ਅਪ੍ਰੈਲ, 2007 ਤੱਕ ਕਰ ਦਿੱਤੀ ਜਾਣੀ ਚਾਹੀਦੀ ਹੈ । ਸੰਸ਼ੋਧਿਤ ਉਚਿਤ ਆਚਰਣ ਨਿਯਮਾਂਵਲੀ ਨੂੰ ਬੈਂਕ/ਵਿੱਤੀ ਸੰਸਥਾ ਦੀ ਵੈਬਸਾਈਟ ਤੇ ਰੱਖਿਆ ਜਾਣਾ ਚਾਹੀਦਾ ਹੈ ਅਤੇ ਉਸ ਦਾ ਵਿਆਪਕ ਪ੍ਰਚਾਰ ਵੀ ਿਤਾ ਜਾਣਾ ਚਾਹੀਦਾ ਹੈ ।

*ਹਿਤੂ,*

*(ਪ੍ਰਸ਼ਾਂਤ ਸਰਨ)*

*ਕਾਰਜਕਾਰੀ ਮੁੱਖ ਮਹਾਂਪ੍ਰਬੰਧਕ*